ਲਾਇਬ੍ਰੇਰੀ ਕਾਰਡ ਮਿਸੀਸੌਂਗਾ ਦੇ ਨਿਵਾਸੀਆਂ ਲਈ ਅਤੇ ਉਹਨਾਂ ਲੋਕਾਂ ਲਈ ਜੋ ਮਿਸੀਸੌਂਗਾ ਵਿਚ ਕੰਮ ਕਰਦੇ, ਸਕੂਲ ਵਿਚ ਪੜ੍ਹਦੇ ਜਾਂ ਕਿਸੇ ਪ੍ਰਾਪਰਟੀ ਦੇ ਮਾਲਕ ਹਨ, ਮੁਫ਼ਤ ਹੈ।

ਤੁਸੀਂ ਲਾਇਬ੍ਰੇਰੀ ਦੇ ਕਿਸੇ ਵੀ ਅਸਥਾਨ ਤੋਂ ਸਮੱਗਰੀ ਉਧਾਰ ਲੈਣ ਲਈ ਆਪਣੇ ਜਾਇਜ਼ ਕਾਰਡ ਦੀ ਵਰਤੋਂ ਕਰ ਸਕਦੇ ਹੋ। ਲਾਇਬ੍ਰੇਰੀ ਕਾਰਡ ਲੈਣ ਲਈ, ਪਛਾਣ ਦਾ ਸਬੂਤ ਲਿਆਓ ਜਿਸ ‘ਤੇ ਤੁਹਾਡਾ ਨਾਮ ਅਤੇ ਪਤਾ ਹੋਵੇ। ਜੇ ਕੋਈ ਤਬਦੀਲੀਆਂ ਹੁੰਦੀਆਂ ਹਨ, ਜਿਵੇਂ ਕਿ ਨਾਮ, ਪਤੇ ਜਾਂ ਫੋਨ ਨੰਬਰ ਵਿਚ ਤਬਦੀਲੀ, ਤਾਂ ਕਿਰਪਾ ਕਰਕੇ ਤੁਰੰਤ ਸਟਾਫ਼ ਨੂੰ ਸੂਚਿਤ ਕਰੋ। ਗੁਆਚ ਗਏ, ਖ਼ਰਾਬ ਹੋ ਗਏ ਜਾਂ ਚੋਰੀ ਹੋ ਗਏ ਕਾਰਡਾਂ ਲਈ ਫੀਸਾਂ ਲਈਆਂ ਜਾਂਦੀਆਂ ਹਨ।

**ਵਾਇਰਲੈਸ ਮਿਸੀਸੌਂਗਾ**
ਮਿਸੀਸੌਂਗਾ ਲਾਇਬ੍ਰੇਰੀ ਸਿਸਟਮ ਦੇ ਅਸਥਾਨਾਂ ‘ਤੇ ਮੁਫ਼ਤ ਵਿਚ ਇੰਟਰਨੈਟ ਦੀ ਵਰਤੋਂ ਕਰੋ ਅਤੇ ਇਸਦੇ ਲਈ ਕਿਸੇ ਜਾਇਜ਼ ਲਾਇਬ੍ਰੇਰੀ ਕਾਰਡ ਦੀ ਲੋੜ ਨਹੀਂ ਹੁੰਦੀ।

**ਲਾਇਬ੍ਰੇਰੀ ਜਾਣ ਵਾਲੀਆਂ ਸਾਰੀਆਂ ਸੜਕਾਂ**
ਆਪਣੀ ਅਸਥਾਨਕ ਲਾਇਬ੍ਰੇਰੀ ਤਕ ਬਸ ਰੂਟ ਜਾਣਕਾਰੀ ਲੈਣ ਲਈ, miway.ca ‘ਤੇ ਜਾਓ ਜਾਂ MiWay ਨੂੰ **905-615-4636 / 905-615-INFO** ‘ਤੇ ਕਾਲ ਕਰੋ

**ਸਾਡੇ ਨਾਲ ਸੰਪਰਕ ਕਰੋ**
Mississauga Library System
301 Burnhamthorpe Road W.
Mississauga, ON L5B 3Y3
ਟੈਲੀਫ਼ੋਨ: **905-615-3500**
ਫ਼ੈਕਸ: 905-615-3625

**mississauga.ca/library**
library.info@mississauga.ca
www.facebook.com/mississaugalibrary
http://twitter.com/mississaugalib/

ਜਨਵਰੀ 2013 ਵਿਚ ਸੋਧਿਆ ਗਿਆ।

ਤੁਹਾਡੀ

# ਲਾਇਬ੍ਰੇਰੀ

## ਬਾਰੇ ਸਭ ਕੁਝ

### ਲਾਇਬ੍ਰੇਰੀਆਂ ਜ਼ਿੰਦਗੀਆਂ ਬਦਲਦੀਆਂ ਹਨ

MISSISSAUGA
*Leading today for tomorrow*







# ਉਧਾਰ ਲੈਣ ਬਾਰੇ

ਜ਼ਿਆਦਾਤਰ ਕਿਤਾਬਾਂ ਅਤੇ CDs 3 ਹਫ਼ਤਿਆਂ ਲਈ ਉਧਾਰ ਲਈਆਂ ਜਾ ਸਕਦੀਆਂ ਹਨ। ਜ਼ਿਆਦਾਤਰ DVDs, ਵੀਡੀਓ ਗੇਮਾਂ ਅਤੇ ਮੈਗਜ਼ੀਨਾਂ ਇੱਕ ਹਫ਼ਤੇ ਲਈ ਉਧਾਰ ਲਈਆਂ ਜਾ ਸਕਦੀਆਂ ਹਨ।

### ਕਿਤਾਬਾਂ
1.3 ਮਿਲੀਅਨ ਤੋਂ ਵੱਧ ਆਈਟਮਾਂ ਉਧਾਰ ਲਵੋ।

### ਮੈਗਜ਼ੀਨਾਂ
1,000 ਤੋਂ ਵੱਧ ਰਸਾਲਿਆਂ ਤਕ ਪਹੁੰਚੋ

### DVDs, ਵੀਡੀਓ ਗੇਮਾਂ ਅਤੇ CDs
DVD 'ਤੇ ਕਈ ਵੱਖ-ਵੱਖ ਤਰ੍ਹਾਂ ਦੀਆਂ ਫਿਲਮਾਂ, ਦਸਤਾਵੇਜ਼ੀ ਫਿਲਮਾਂ ਅਤੇ ਬਹੁ-ਭਾਸ਼ਾਈ ਸਮੱਗਰੀ, ਅਤੇ CD 'ਤੇ ਆਡੀਓ ਕਿਤਾਬਾਂ ਵਿਚੋਂ ਚੁਣੋ। Wii, Playstation 3, ਅਤੇ XBox ਕਨਸੋਲ ਲਈ ਵੀਡੀਓ ਗੇਮਾਂ ਉਪਲਬਧ ਹਨ।

### ਲਾਈਟਨਿੰਗ ਲੋਨ
ਇਹ ਵਰਤਮਾਨ ਵਿਚ ਸਭ ਤੋਂ ਵੱਧ ਵਿਕਣ ਵਾਲੀਆਂ ਕਿਤਾਬਾਂ ਹੁੰਦੀਆਂ ਹਨ ਜੋ ਤੁਹਾਨੂੰ ਉਡੀਕ ਕੀਤੇ ਬਿਨਾਂ ਮਿਲ ਸਕਦੀਆਂ ਹਨ। ਕਿਤਾਬਾਂ 7 ਦਿਨਾਂ ਲਈ ਉਧਾਰ ਲਈਆਂ ਜਾ ਸਕਦੀਆਂ ਹਨ। ਇਹਨਾਂ ਚੀਜ਼ਾਂ ਨੂੰ ਰਾਖਵਾਂ ਕੀਤਾ ਜਾ ਸਕਦਾ ਹੈ ਅਤੇ ਨਵਿਆਇਆ ਨਹੀਂ ਜਾ ਸਕਦਾ ਹੈ।

### RAVES & FAVES (ਰੇਵਜ ਐਂਡ ਫੇਵਸ)
ਕਲਾਸਿਕ, ਪ੍ਰਸਿੱਧ ਅਤੇ ਆਲੋਚਨਾਤਮਕ ਤੌਰ 'ਤੇ ਪ੍ਰਸ਼ੰਸ਼ਾ ਕੀਤੀਆਂ ਗਈਆਂ ਕਿਤਾਬਾਂ ਸਾਰੇ ਅਸਥਾਨਾਂ 'ਤੇ ਉਪਲਬਧ ਹਨ। ਬਾਲਗਾਂ, ਨੌਜਵਾਨਾਂ, ਜੂਨੀਅਰ ਅਤੇ ਬੱਚਿਆਂ ਲਈ ਪ੍ਰਸਿੱਧ ਕਾਲਪਨਿਕ ਅਤੇ ਗੈਰ-ਕਾਲਪਨਿਕ ਕਿਤਾਬਾਂ ਉਪਲਬਧ ਹਨ।

### ਜੋ ਚੀਜ਼ ਤੁਸੀਂ ਲੈਣੀ ਚਾਹੁੰਦੇ ਹੋ ਜੇ ਉਹ ਗਈ ਹੋਈ ਹੈ
ਤੁਸੀਂ ਘਰ ਤੋਂ ਜਾਂ ਲਾਇਬ੍ਰੇਰੀ ਵਿਚ ਔਨਲਾਈਨ ਕੈਟਲੌਗ ਦੀ ਵਰਤੋਂ ਕਰਦੇ ਹੋਏ ਉਸ ਨੂੰ ਹੋਲਡ ਕਰਵਾ ਸਕਦੇ ਹੋ। ਜਦੋਂ ਤੁਹਾਡੀ ਆਈਟਮ ਉਪਲਬਧ ਹੋ ਜਾਵੇਗੀ ਤਾਂ ਤੁਹਾਨੂੰ ਸੂਚਿਤ ਕੀਤਾ ਜਾਵੇਗਾ। ਸਮੇਂ 'ਤੇ ਨਾ ਲਈਆਂ ਗਈਆਂ ਹੋਲਡ ਕੀਤੀਆਂ ਚੀਜ਼ਾਂ ਲਈ ਤੁਹਾਡੇ ਤੋਂ ਮੁੱਲ ਲਿਆ ਜਾਵੇਗਾ। ਜਿਹੜੀਆਂ ਆਈਟਮਾਂ ਲਾਇਬ੍ਰੇਰੀ ਦੇ ਔਨਲਾਈਨ ਕੈਟਲੌਗ ਵਿਚ ਨਹੀਂ ਹਨ, ਉਹਨਾਂ ਨੂੰ ਦੂਜੀ ਲਾਇਬ੍ਰੇਰੀ ਤੋਂ ਉਧਾਰ ਰਾਹੀਂ ਹਾਸਲ ਕੀਤਾ ਜਾ ਸਕਦਾ ਹੈ। ਕਿਰਪਾ ਕਰਕੇ ਸਟਾਫ ਤੋਂ ਮਦਦ ਮੰਗੋ।

### ਲਾਇਬ੍ਰੇਰੀ ਦੀ ਸਮੱਗਰੀ ਨੂੰ ਨਵਿਆਉਣਾ
ਲਾਇਬ੍ਰੇਰੀ ਦੀਆਂ ਜ਼ਿਆਦਾਤਰ ਚੀਜ਼ਾਂ ਨੂੰ ਨਵਿਆਇਆ ਜਾ ਸਕਦਾ ਹੈ। ਜੇ ਕਿਸੇ ਚੀਜ਼ ਨੂੰ ਵਾਪਸ ਕਰਨ ਦੀ ਨਿਯਤ ਮਿਤੀ ਲੰਘ ਗਈ ਹੈ, ਤਾਂ ਇਸ ਨੂੰ ਨਵਿਆਇਆ ਜਾ ਸਕਦਾ ਹੈ ਅਤੇ ਦੇਰੀ ਨਾਲ ਵਾਪਸ ਕਰਨ ਦੇ ਖਰਚੇ ਤੁਹਾਡੇ ਰਿਕਾਰਡ ਵਿਚ ਜੋੜ ਦਿੱਤੇ ਜਾਣਗੇ। ਚੀਜ਼ਾਂ ਨੂੰ ਨਵਿਆਉਣ ਵਾਲੇ ਦਿਨ ਤੋਂ ਨਵਿਆਇਆ ਜਾਂਦਾ ਹੈ, ਵਾਪਸ ਕਰਨ ਦੀ ਮੂਲ ਨਿਯਤ ਮਿਤੀ ਤੋਂ ਨਹੀਂ। DVDs, ਵੀਡੀਓ ਗੇਮਾਂ ਅਤੇ ਮੈਗਜ਼ੀਨਾਂ ਨੂੰ 7 ਦਿਨਾਂ ਲਈ ਨਵਿਆਇਆ ਜਾਵੇਗਾ।। ਬਾਕੀ ਸਾਰੀਆਂ ਚੀਜ਼ਾਂ ਨੂੰ 3 ਹਫ਼ਤਿਆਂ ਲਈ ਨਵਿਆਇਆ ਜਾਵੇਗਾ।

ਆਈਟਮਾਂ ਨੂੰ ਨਵਿਆਓ:
- ਔਨਲਾਈਨ **mississauga.ca/library** 'ਤੇ
- **905-615-3500** 'ਤੇ ਟੈਲੀਫੋਨ ਕਰੋ ਅਤੇ # **1 ਦਬਾਓ**

### ਚੀਜ਼ਾਂ ਨੂੰ ਨਵਿਆਇਆ ਨਹੀਂ ਜਾ ਸਕਦਾ ਹੈ ਜੇ:
- ਇਹ ਲਾਈਟਨਿੰਗ ਲੋਨ ਹੈ
- ਇਹ ਅਜਿਹੀ DVD, ਵੀਡੀਓ ਗੇਮ ਜਾਂ ਮੈਗਜ਼ੀਨ ਹੈ ਜਿਸ ਨੂੰ ਇੱਕ ਵਾਰ ਪਹਿਲਾਂ ਹੀ ਨਵਿਆ ਲਿਆ ਗਿਆ ਹੈ
- ਕਿਸੇ ਹੋਰ ਦੇ ਦੁਆਰਾ ਮੰਗਿਆ ਗਿਆ ਹੈ
- ਪਹਿਲਾਂ ਹੀ ਦੋ ਵਾਰ ਨਵਿਆ ਲਿਆ ਗਿਆ ਹੈ

ਜੇ ਕਿਸੇ ਆਈਟਮ ਨੂੰ ਨਵਿਆਇਆ ਨਹੀਂ ਜਾ ਸਕਦਾ ਹੈ ਤਾਂ ਇਸ ਨੂੰ ਨਿਯਤ ਮਿਤੀ 'ਤੇ ਵਾਪਸ ਕਰ ਦਿੱਤਾ ਜਾਣਾ ਚਾਹੀਦਾ ਹੈ।

### ਲਾਇਬ੍ਰੇਰੀ ਦੀਆਂ ਚੀਜ਼ਾਂ ਨੂੰ ਵਾਪਸ ਕਰਨਾ
ਚੀਜ਼ਾਂ ਨੂੰ ਵਾਪਸ ਕਰਨ ਦੀ ਮਿਤੀ ਉਸ ਰਸੀਦ 'ਤੇ ਛਪੀ ਹੁੰਦੀ ਹੈ ਜੋ ਚੈਕ-ਆਊਟ ਦੇ ਸਮੇਂ ਤੁਹਾਨੂੰ ਦਿੱਤੀ ਜਾਂਦੀ ਹੈ। ਚੀਜ਼ਾਂ ਇਹਨਾਂ ਨੂੰ ਵਾਪਸ ਕਰਨ ਦੀ ਨਿਯਤ ਮਿਤੀ ਵਾਲੇ ਦਿਨ ਦੀ ਸਮਾਪਤੀ 'ਤੇ ਵਾਪਸ ਕੀਤੀਆਂ ਜਾਣੀਆਂ ਚਾਹੀਦੀਆਂ ਹਨ। ਕਿਰਪਾ ਕਰਕੇ ਲਾਇਬ੍ਰੇਰੀ ਦੀਆਂ ਚੀਜ਼ਾਂ ਨੂੰ ਸਮੇਂ 'ਤੇ ਵਾਪਸ ਕਰ ਦਿਓ ਤਾਂ ਜੋ ਦੂਜੇ ਲੋਕ ਇਸ ਨੂੰ ਉਧਾਰ ਲੈ ਸਕਣ। ਤੁਹਾਡੀ ਸਹੂਲਤ ਲਈ ਕਿਤਾਬਾਂ ਵਾਪਸ ਕਰਨ ਦੀਆਂ ਥਾਵਾਂ ਸਾਰੇ ਅਸਥਾਨਾਂ 'ਤੇ ਉਪਲਬਧ ਹਨ। ਇੱਕ ਅਸਥਾਨ ਤੋਂ ਉਧਾਰ ਲਈਆਂ ਗਈਆਂ ਚੀਜ਼ਾਂ ਮਿਸੀਸੌਗਾ ਲਾਇਬ੍ਰੇਰੀ ਸਿਸਟਮ ਵਿਚ ਕਿਸੇ ਵੀ ਦੂਜੇ ਅਸਥਾਨ 'ਤੇ ਵਾਪਸ ਕੀਤੀਆਂ ਜਾ ਸਕਦੀਆਂ ਹਨ।

### ਦੇਰੀ ਨਾਲ ਵਾਪਸ ਕਰਨ ਦੇ ਖਰਚੇ
ਤੁਹਾਡੇ ਕਾਰਡ 'ਤੇ ਲਈਆਂ ਗਈਆਂ ਚੀਜ਼ਾਂ ਲਈ ਤੁਸੀਂ ਜ਼ਿੰਮੇਵਾਰ ਹੋ। ਨਿਯਤ ਮਿਤੀ ਤੋਂ ਬਾਅਦ ਹਰੇਕ ਦਿਨ, ਜਾਂ ਦਿਨ ਦੇ ਹਿੱਸੇ ਲਈ ਖਰਚੇ ਲਏ ਜਾਣਗੇ।

**ਲਾਇਬ੍ਰੇਰੀ ਦੀਆਂ ਸਾਰੀਆਂ ਚੀਜ਼ਾਂ (ਹੇਠਾਂ ਦਿੱਤੇ ਦੇ ਇਲਾਵਾ)**
$0.35 ਪ੍ਰਤੀ ਦਿਨ ਪ੍ਰਤੀ ਆਈਟਮ
($10 ਵੱਧ ਤੋਂ ਵੱਧ ਪ੍ਰਤੀ ਆਈਟਮ)

**DVDs, ਲਾਈਟਨਿੰਗ ਲੋਨ, ਅਤੇ ਵੀਡੀਓ ਗੇਮਾਂ**
$1 ਪ੍ਰਤੀ ਦਿਨ ਪ੍ਰਤੀ ਆਈਟਮ
($10 ਵੱਧ ਤੋਂ ਵੱਧ ਪ੍ਰਤੀ ਆਈਟਮ)

### ਸੇਵਾ ਦੇ ਖਰਚੇ (ਅਤੇ ਲਾਗੂ ਹੋਣ ਵਾਲੇ ਟੈਕਸ)
**ਗੈਰ-ਨਿਵਾਸੀ** - ID ਦੇ ਨਾਲ $30 ਪ੍ਰਤੀ ਸਾਲ
**ਕਾਰਡ ਭੁੱਲ ਗਏ** - ID ਦੇ ਨਾਲ $1
**ਬਦਲਵਾਂ ਕਾਰਡ** - ID ਦੇ ਨਾਲ $2

**ਹੋਲਡ ਕੀਤੀਆਂ ਚੀਜ਼ਾਂ ਜੋ ਸਮੇਂ 'ਤੇ ਨਹੀਂ ਲਈਆਂ ਗਈਆਂ ਹਨ**
$2 ਪ੍ਰਤੀ ਹੋਲਡ

**ਖ਼ਰਾਬ ਹੋ ਗਈਆਂ ਜਾਂ ਗੁਆਚ ਗਈਆਂ ਆਈਟਮਾਂ**
ਆਈਟਮ ਨੂੰ ਬਦਲਣ ਲਈ ਲਾਇਬ੍ਰੇਰੀ ਦੀ ਲਾਗਤ। ਜਿਨ੍ਹਾਂ ਖ਼ਰਾਬ ਹੋ ਗਈਆਂ ਜਾਂ ਗੁਆਚ ਗਈਆਂ ਆਈਟਮਾਂ ਲਈ ਭੁਗਤਾਨ ਕਰ ਦਿੱਤਾ ਜਾਂਦਾ ਹੈ ਉਹ ਲਾਇਬ੍ਰੇਰੀ ਦੀ ਸੰਪਤੀ ਰਹਿੰਦੀਆਂ ਹਨ।

**ਕਲੈਕਸ਼ਨ ਏਜੰਸੀ ਦੀ ਫੀਸ** - $12.80

**ਕੰਪਿਊਟਰ ਦਾ ਅਸਥਾਈ ਕਾਰਡ ਰੱਖਿਅਤ ਕਰਨਾ**
1 ਦਿਨ - $1, 1 ਹਫ਼ਤਾ - $5, 1 ਮਹੀਨਾ - $15

ਸਾਰੇ ਭੁਗਤਾਨ ਨਾ ਕੀਤੇ ਖਰਚਿਆਂ ਨੂੰ ਵਸੂਲ ਕਰਨ ਲਈ ਲਾਇਬ੍ਰੇਰੀ ਪੂਰੀ ਕੋਸ਼ਿਸ਼ ਕਰਦੀ ਹੈ। ਵੱਡੇ ਅਤੇ ਨਿਯਤ ਮਿਤੀ ਨੂੰ ਪਾਰ ਕਰ ਚੁਕੇ ਬਕਾਇਆ ਲਈ ਲਾਇਬ੍ਰੇਰੀ ਕਲੈਕਸ਼ਨ ਏਜੰਸੀ ਦੀਆਂ ਸੇਵਾਵਾਂ ਵਰਤਦੀ ਹੈ। ਕਲੈਕਸ਼ਨ ਏਜੰਸੀ ਕੋਲ ਜਮ੍ਹਾਂ ਕੀਤੇ ਗਏ ਖਾਤਿਆਂ 'ਤੇ ਅਤਿਰਿਕਤ ਫੀਸ ਲਿੱਤੀ ਜਾਂਦੀ ਹੈ।

# ਇਸ ਵਿਚ ਤੁਹਾਡੇ ਲਈ ਕੀ ਸ਼ਾਮਲ ਹੈ?

### ਪ੍ਰੋਗਰਾਮ
ਲਾਇਬ੍ਰੇਰੀ ਬਹੁਤ ਤਰ੍ਹਾਂ ਦੇ ਪ੍ਰੋਗਰਾਮ ਪੇਸ਼ ਕਰਦੀ ਹੈ। ਉਦਾਹਰਣਾਂ ਵਿਚ ਸ਼ਾਮਲ ਹਨ:

**ਬੱਚਿਆਂ ਲਈ:** ਸਟੋਰੀ ਟਾਈਮ, ਪੜ੍ਹਨ ਦੇ ਕਲੱਬ ਅਤੇ ਗਰਮੀਆਂ/ਮਾਰਚ ਦੀਆਂ ਛੁੱਟੀਆਂ ਦੇ ਪ੍ਰੋਗਰਾਮ।

**ਨੌਜਵਾਨਾਂ ਲਈ:** ਵਰਕਸ਼ਾਪਾਂ, ਟੀਨ ਐਡਵਾਇਜ਼ਰੀ ਗਰੁੱਪ (ਕਿਸ਼ੋਰਾਂ ਲਈ ਸਲਾਹ ਸਮੂਹ) ਅਤੇ ਸਵੈ-ਸੇਵਾ ਦੇ ਮੌਕੇ

**ਨਵੇਂ ਆਏ ਲੋਕਾਂ ਲਈ:** ਇੰਗਲਿਸ਼ ਵਿਚ ਗੱਲਬਾਤ ਦੇ ਸਮੂਹ, ਸੈਟਲਮੈਂਟ ਏਜੰਸੀ ਬਾਰੇ ਜਾਣਕਾਰੀ ਸੈਸ਼ਨ ਅਤੇ ਘਰ ਵਿਚ ਸੈਟਲਮੈਂਟ ਸੇਵਾਵਾਂ।

**ਬਜ਼ੁਰਗਾਂ ਸਮੇਤ, ਬਾਲਗਾਂ ਲਈ:** ਬੁਲਾਰੇ, ਪ੍ਰਦਰਸ਼ਨੀਆਂ, ਬੁੱਕ ਕਲੱਬ ਅਤੇ ਕਈ ਵੱਖ-ਵੱਖ ਵਿਸ਼ਿਆਂ ਉੱਤੇ ਸੈਮੀਨਾਰ।

ਵੇਰਵਿਆਂ ਲਈ ਆਪਣੇ ਨਿਕਟਤਮ ਅਸਥਾਨ ਨਾਲ ਸੰਪਰਕ ਕਰੋ। ਲਾਇਬ੍ਰੇਰੀ ਦੇ ਸਾਰੇ ਪ੍ਰੋਗਰਾਮਾਂ, ਆਯੋਜਨਾਂ ਅਤੇ ਸੇਵਾਵਾਂ ਦੇ ਕਲੰਡਰ ਲਈ, **mississauga.ca/library** 'ਤੇ ਲਾਇਬ੍ਰੇਰੀ ਦੀ ਵੈਬਸਾਈਟ ਦੇਖੋ।

### ਜਾਣਕਾਰੀ ਸੇਵਾਵਾਂ – ASK ME (ਮੈਨੂੰ ਪੁੱਛੋ)
ਜਾਣਕਾਰੀ ਲੱਭਣ ਅਤੇ ਚੀਜ਼ਾਂ ਨੂੰ ਚੁਣਨ ਵਿਚ ਤੁਹਾਡੀ ਮਦਦ ਕਰਨ ਲਈ ਲਾਇਬ੍ਰੇਰੀ ਦਾ ਸਟਾਫ ਹਮੇਸ਼ਾਂ ਉਪਲਬਧ ਹੁੰਦਾ ਹੈ। ਉਸ ਸਟਾਫ ਨੂੰ ਲੱਭੋ ਜਿਨ੍ਹਾਂ ਨੇ **ASK ME** ਬਟਨ ਲਗਾਇਆ ਹੋਇਆ ਹੈ।

### ਫੋਟੋਕਾਪੀ
ਸਾਰੇ ਲਾਇਬ੍ਰੇਰੀ ਅਸਥਾਨਾਂ 'ਤੇ ਫੋਟੋਕਾਪੀ ਦੀ ਸਹੂਲਤ ਉਪਲਬਧ ਹੈ। ਕਾਪੀ ਕਾਰਡ ਖਰੀਦਣ ਦੀ ਲੋੜ ਹੁੰਦੀ ਹੈ। ਕਾਪੀ ਕਰਨਾ ਕਾਪੀਰਾਈਟ ਕਾਨੂੰਨਾਂ ਦੇ ਅਧੀਨ ਹੁੰਦਾ ਹੈ।

### ਕਲਾ ਪ੍ਰਦਰਸ਼ਨ ਅਤੇ ਪ੍ਰਦਰਸ਼ਨੀਆਂ
ਜ਼ਿਆਦਾਤਰ ਬ੍ਰਾਂਚਾਂ 'ਤੇ ਪ੍ਰਦਰਸ਼ਨ ਅਤੇ ਨਿਯਮਿਤ ਕਲਾ ਪ੍ਰਦਰਸ਼ਨੀਆਂ ਮਿਲ ਸਕਦੀਆਂ ਹਨ। ਆਰਟ ਗੈਲਰੀ ਅਤੇ ਪ੍ਰਦਰਸ਼ਨ ਖ਼ਾਨੇ ਮਹੀਨੇ ਦੇ ਅਧਾਰ 'ਤੇ ਕਿਰਾਏ 'ਤੇ ਦਿੱਤੇ ਜਾ ਸਕਦੇ ਹਨ। ਬੁਕਿੰਗ ਬਾਰੇ ਜਾਣਕਾਰੀ ਲਈ ਸਿਟੀ ਆਫ਼ ਮਿਸੀਸੌਗਾ ਦੇ ਕਸਟਮਰ ਸਰਵਿਸ ਸੈਂਟਰ ਨੂੰ **905-615-4100** 'ਤੇ ਕਾਲ ਕਰੋ ਅਤੇ **Facility Bookings** (ਬੁਕਿੰਗ ਸਹੂਲਤਾਂ) ਚੁਣੋ।

### ਪਰਚੇ ਅਤੇ ਪੋਸਟਰ ਵੰਡਣੇ
ਆਪਣੀ ਵਰਕਸ਼ਾਪ, ਸ਼ੋਅ ਜਾਂ ਪ੍ਰਦਰਸ਼ਨ ਬਾਰੇ ਭਾਈਚਾਰੇ ਵਿਚ ਇਸ਼ਤਿਹਾਰ ਦੇਣਾ ਚਾਹੁੰਦੇ ਹੋ? ਤੁਹਾਡੇ ਭਾਈਚਾਰੇ ਜਾਂ ਗੈਰ-ਮੁਨਾਫਾ ਸਮੂਹ ਲਈ ਹੋਰ ਮੈਂਬਰਾਂ ਜਾਂ ਵਾਲੰਟੀਅਰਾਂ ਦੀ ਲੋੜ ਹੈ? ਲਾਇਬ੍ਰੇਰੀ ਭਾਈਚਾਰਕ ਅਤੇ ਗੈਰ-ਮੁਨਾਫਾ ਸਮੂਹਾਂ ਲਈ, ਆਪਣੀਆਂ ਬ੍ਰਾਂਚਾਂ ਵਿਚ ਪਰਚੇ ਅਤੇ ਪੋਸਟਰ ਵੰਡੇਗੀ। ਵਪਾਰਕ ਪੋਸਟਿੰਗ ਬਾਰੇ ਜਾਣਕਾਰੀ ਲਈ, ਲਾਇਬ੍ਰੇਰੀ ਦੇ ਕਮਿਉਨਿਟੀ ਡਿਵੇਪਲਮੈਂਟ ਆਫਿਸ ਨਾਲ **905-615-3200, ਐਕਸਟੈਨਸ਼ਨ 3606** 'ਤੇ ਸੰਪਰਕ ਕਰੋ।

### ਮੀਟਿੰਗ ਰੂਮ
ਮਹੀਨਾਵਾਰ ਮੀਟਿੰਗ ਕਰਨ ਲਈ ਕਮਰਾ ਚਾਹੀਦਾ ਹੈ? ਲਾਇਬ੍ਰੇਰੀ ਕੋਲ ਕਿਰਾਏ 'ਤੇ ਦੇਣ ਲਈ ਮੀਟਿੰਗ ਕਮਰੇ ਅਤੇ ਇੱਕ ਆਡੀਟੋਰੀਅਮ ਹੈ। ਬੁਕਿੰਗ ਬਾਰੇ ਜਾਣਕਾਰੀ ਲਈ ਸਿਟੀ ਆਫ਼ ਮਿਸੀਸੌਗਾ ਦੇ ਕਸਟਮਰ ਸਰਵਿਸ ਸੈਂਟਰ ਨਾਲ **905-615-4100** 'ਤੇ ਸੰਪਰਕ ਕਰੋ।

### ਕਰੀਅਰ ਸੈਂਟਰ
ਲਾਇਬ੍ਰੇਰੀ ਪੇਸ਼ਿਆਂ, ਸਿੱਖਿਆ ਦੀ ਯੋਜਨਾਬੰਦੀ, ਕਰੀਅਰ ਦੀ ਯੋਜਨਾਬੰਦੀ, ਸਿਖਲਾਈ ਅਤੇ ਨੌਕਰੀ ਲੱਭਣ ਦੀਆਂ ਰਣਨੀਤੀਆਂ ਬਾਰੇ ਵਿਸਤ੍ਰਿਤ ਜਾਣਕਾਰੀ ਪੇਸ਼ ਕਰਦੀ ਹੈ। ਜਾਣਕਾਰੀ ਦੀਆਂ ਬੇਨਤੀਆਂ ਕਰਨ ਜਾਂ ਦੌਰਾ ਬੁਕ ਕਰਨ ਲਈ, **905-615-3500, ਐਕਸਟੈਨਸ਼ਨ 3589** 'ਤੇ ਕਾਲ ਕਰੋ।

### ਸਥਾਨਕ ਇਤਿਹਾਸ
ਮਿਸੀਸੌਗਾ ਅਤੇ ਪੀਲ ਕਾਉਂਟੀ ਦੇ ਇਤਿਹਾਸ ਨਾਲ ਸਬੰਧਤ, ਵਧੀਆ, ਪੁਰਾਣੀ ਅਤੇ ਦੁਰਲਭ ਸਮੱਗਰੀ ਦਾ ਇੱਕ ਵਿਸਤ੍ਰਿਤ ਸਮੂਹ ਲਾਇਬ੍ਰੇਰੀ ਵਿਚ ਵਰਤੇ ਜਾਣ ਲਈ ਮਿਸੀਸੌਗਾ ਸੈਂਟਰਲ ਲਾਇਬ੍ਰੇਰੀ ਵਿਚ ਉਪਲਬਧ ਹੈ ਅਤੇ ਇਸ ਵਿਚ ਸਕ੍ਰੈਪ-ਬੁੱਕਸ, ਸਥਾਨਕ ਪੁਰਾਲੇਖ ਅਤੇ ਬਹੁਤ ਸਾਰੀਆਂ ਫੋਟੋਆਂ ਸ਼ਾਮਲ ਹਨ। ਲਾਇਬ੍ਰੇਰੀ ਦੇ ਸਾਰੇ ਅਸਥਾਨਾਂ 'ਤੇ ਐਨਸੇਸਟਰੀ (ਖਾਨਦਾਨ) ਦੇ ਰਾਹੀਂ ਵੰਸ਼ਾਵਲੀ ਸਬੰਧੀ ਸਮੱਗਰੀ ਉਪਲਬਧ ਹੈ।

# ਖਾਸ ਸੇਵਾਵਾਂ

### ਬੁੱਕਸ ਟੂ ਗੋ
ਆਪਣਾ ਖੁਦ ਦਾ ਬੁੱਕ ਕਲੱਬ ਚਲਾ ਰਹੇ ਹੋ? ਲਾਇਬ੍ਰੇਰੀ ਚੋਣਵੇਂ ਸਿਰਲੇਖਾਂ ਦੀਆਂ 15 ਤਕ ਕਾਪੀਆਂ, ਅਤੇ ਨਾਲ ਹੀ ਸਮੀਖਿਆਵਾਂ ਅਤੇ ਪ੍ਰਸ਼ਨਾਂ ਦਾ ਪੈਕੇਜ ਮੁਹੱਈਆ ਕਰਵਾ ਸਕਦੀ ਹੈ। ਜਾਣਕਾਰੀ ਲਈ **905-615-3500, ਐਕਸਟੈਨਸ਼ਨ 3544** 'ਤੇ ਕਾਲ ਕਰੋ।

### ਚਿਲਡ੍ਰਨਜ਼ ਡਾਇਲ-ਏ-ਸਟੋਰੀ
ਆਪਣੇ ਘਰ ਦੇ ਅਰਾਮ ਵਿਚ ਹਰ ਹਫ਼ਤੇ ਇੱਕ ਨਵੀਂ ਪ੍ਰੀ-ਸਕੂਲ ਕਹਾਣੀ ਸੁਣੋ। ਦਿਨ ਦੇ ਕਿਸੇ ਵੀ ਸਮੇਂ, ਜਿੰਨੀ ਵਾਰ ਚਾਹੋ ਕਾਲ ਕਰੋ। ਕਹਾਣੀ ਸੁਣਨ ਲਈ **905-615-3500** 'ਤੇ ਕਾਲ ਕਰੋ ਅਤੇ **#5 ਦਬਾਓ**।

### ਹੋਮਬਾਉਂਡ ਸੇਵਾ
ਹੋਮਬਾਉਂਡ ਸੇਵਾ ਘਰੋਂ ਬਾਹਰ ਨਾ ਨਿਕਲ ਸਕਣ ਵਾਲੇ ਲਾਇਬ੍ਰੇਰੀ ਉਪਯੋਗਕਰਤਾਵਾਂ ਨੂੰ ਮੁਹੱਈਆ ਕੀਤੀ ਜਾਂਦੀ ਹੈ। ਹੋਰ ਜਾਣਕਾਰੀ ਲਈ **905-615-3500, ਐਕਸਟੈਨਸ਼ਨ 3544** 'ਤੇ ਕਾਲ ਕਰੋ।

### ਭਾਸ਼ਾਵਾਂ
ਲਾਇਬ੍ਰੇਰੀ 22 ਭਾਸ਼ਾਵਾਂ ਵਿਚ ਸਮੱਗਰੀ ਪੇਸ਼ ਕਰਦੀ ਹੈ ਅਤੇ ਭਾਈਚਾਰਕ ਸਮਰਥਨ ਦਾ ਸੁਆਗਤ ਕੀਤਾ ਜਾਂਦਾ ਹੈ। ਸਾਰੇ ਅਸਥਾਨਾਂ ਤੋਂ ਤੁਹਾਨੂੰ ਕਈ ਭਾਸ਼ਾਵਾਂ ਸਿੱਖਣ ਲਈ ਕੋਰਸ ਕਿੱਟਾਂ ਮਿਲ ਸਕਦੀਆਂ ਹਨ।

### ਵੱਡੇ ਅੱਖਰਾਂ ਵਾਲੀਆਂ ਕਿਤਾਬਾਂ
ਕਿਤਾਬਾਂ ਸਾਰੇ ਅਸਥਾਨਾਂ 'ਤੇ ਉਪਲਬਧ ਹਨ।

### ਔਨਲਾਈਨ ਬੁੱਕ ਕਲੱਬ
ਨਵੀਆਂ ਕਿਤਾਬਾਂ ਤੋਂ ਨਮੂਨਾ ਚੈਪਟਰ ਅਤੇ ਨਵੀਆਂ ਕਿਤਾਬਾਂ ਅਤੇ ਲੇਖਕਾਂ ਬਾਰੇ ਨਿਊਜ਼ਲੈਟਰ ਪ੍ਰਾਪਤ ਕਰਨ ਲਈ ਨਾਮ ਦਰਜ ਕਰਾਓ।
**mississauga.ca/library** 'ਤੇ ਜਾਓ ਅਤੇ **Newsletters** 'ਤੇ ਕਲਿਕ ਕਰੋ।

### ਜਨਤਕ ਵਰਤੋਂ ਲਈ ਕੰਪਿਊਟਰ
ਲਾਇਬ੍ਰੇਰੀ ਦੇ ਸਾਰੇ ਅਸਥਾਨਾਂ 'ਤੇ ਇੰਟਰਨੈਟ ਅਤੇ ਮਾਈਕ੍ਰੋਸਾਫ਼ਟ ਆਫਿਸ ਤਕ ਪਹੁੰਚ ਉਪਲਬਧ ਹੈ। ਵਰਕਸਟੇਸ਼ਨ USB ਕੀਜ਼ (ਡ੍ਰਾਈਵ) ਦਾ ਸਮਰਥਨ ਕਰਦੇ ਹਨ। ਤੁਸੀਂ ਲਾਇਬ੍ਰੇਰੀ ਕੰਪਿਊਟਰ ਵਰਤਣ ਲਈ ਜਾਇਜ਼ ਲਾਇਬ੍ਰੇਰੀ ਕਾਰਡ ਦੇ ਨਾਲ ਘਰੋਂ ਜਾਂ ਲਾਇਬ੍ਰੇਰੀ ਵਿਚ ਸੈਸ਼ਨ ਬੁੱਕ ਕਰ ਸਕਦੇ ਹੋ। ਲਾਇਬ੍ਰੇਰੀ ਕਾਰਡ ਦੇ ਬਿਨਾਂ ਅਸਥਾਈ ਤੌਰ 'ਤੇ ਕੰਪਿਊਟਰ ਵਰਤਣ ਲਈ ਫੀਸ ਲਿੱਤੀ ਜਾਂਦੀ ਹੈ।

### ਵਿਰਾਸਤ ਈ-ਬੁੱਕ ਕਲੈਕਸ਼ਨ
ਲਾਇਬ੍ਰੇਰੀ ਨੇ ਸਥਾਨਕ ਇਤਿਹਾਸ ਦੀਆਂ ਕਿਤਾਬਾਂ ਦੀ ਆਪਣੀ ਓਲਡ ਹੇਰੀਟੇਜ ਲੜੀ ਨੂੰ ਡਿਜੀਟਲ ਰੂਪ ਵਿਚ ਬਦਲਿਆ ਹੈ। ਇਹ ਪੂਰੀ ਤਰ੍ਹਾਂ ਨਾਲ ਟੈਕਸਟ ਰੂਪ ਵਿਚ ਹਨ ਅਤੇ ਇਹਨਾਂ ਵਿਚ ਖੋਜ ਕੀਤੀ ਜਾ ਸਕਦੀ ਹੈ। **mississauga.ca/library** 'ਤੇ ਜਾਓ, 'ਤੇ **Books and Reading** 'ਤੇ ਕਲਿਕ ਕਰੋ ਅਤੇ ਫੇਰ **eBooks** 'ਤੇ ਕਲਿਕ ਕਰੋ।

### ਘਰ, ਸਕੂਲ ਜਾਂ ਆਫਿਸ ਤੋਂ ਖੋਜ ਕਰੋ – 24/7
ਈ-ਰਿਸੋਰਸਿਜ (ਇਲੈਕਟ੍ਰੋਨਿਕ ਸ੍ਰੋਤ) ਹਵਾਲਾ ਈ-ਬੁੱਕਸ, ਅਖ਼ਬਾਰਾਂ ਅਤੇ ਮੈਗਜ਼ੀਨ ਦੇ ਲੇਖਾਂ, ਵਿਦਵਾਨ ਰਸਾਲਿਆਂ, ਕਿਤਾਬਾਂ ਦੀਆਂ ਸਮੀਖਿਆਵਾਂ ਅਤੇ ਹੋਰ ਚੀਜ਼ਾਂ ਤਕ ਪਹੁੰਚ ਮੁਹੱਈਆ ਕਰਦਾ ਹੈ। 30 ਤੋਂ ਵੱਧ ਈ-ਸਰੋਤਾਂ ਵਿਚ ਖੋਜ ਕਰੋ ਜਿਨ੍ਹਾਂ ਵਿਚ ਸਿਹਤ, ਕਾਰੋਬਾਰ, ਦੁਨੀਆਂ ਦੀਆਂ ਖ਼ਬਰਾਂ, ਸਾਹਿਤ, ਖੇਡ, ਕਲਾ, ਅਤੇ ਮਨੋਰੰਜਨ ਸਮੇਤ ਬਹੁਤ ਸਾਰੇ ਵਿਸ਼ੇ ਸ਼ਾਮਲ ਹਨ। ਜਾਇਜ਼ ਮਿਸੀਸੌਗਾ ਲਾਇਬ੍ਰੇਰੀ ਕਾਰਡ ਦੇ ਨਾਲ, ਤੁਸੀਂ ਘਰ, ਸਕੂਲ ਜਾਂ ਆਫਿਸ ਤੋਂ ਖੋਜ ਕਰ ਸਕਦੇ ਹੋ। **mississauga.ca/library** 'ਤੇ ਜਾਓ ਅਤੇ **Research** 'ਤੇ ਕਲਿਕ ਕਰੋ।

### ਈ-ਕਿਤਾਬਾਂ ਡਾਊਨਲੋਡ ਕਰੋ – 24/7
ਆਪਣੀ ਓਵਰਡ੍ਰਾਈਵ ਸਰਵਿਸ ਦੇ ਨਾਲ ਲਾਇਬ੍ਰੇਰੀ ਡਾਊਨਲੋਡ ਕੀਤੀਆਂ ਜਾ ਸਕਣ ਵਾਲੀਆਂ ਈ-ਕਿਤਾਬਾਂ ਤਕ ਪਹੁੰਚ ਮੁਹੱਈਆ ਕਰਦੀ ਹੈ। ਤੁਸੀਂ ਆਪਣੇ ਕੰਪਿਊਟਰ ਜਾਂ ਮੋਬਾਈਲ ਡਿਵਾਈਸ 'ਤੇ ਚੀਜ਼ਾਂ ਡਾਊਨਲੋਡ ਕਰ ਸਕਦੇ ਹੋ। ਲਾਇਬ੍ਰੇਰੀ ਦੀ ਵੈਬ ਸਾਈਟ 'ਤੇ ਇਸ ਨੂੰ ਲੱਭੋ ਅਤੇ ਈ-ਬਾਰੋ ਕਰਨਾ ਸ਼ੁਰੂ ਕਰ ਦਿਓ।